
# ਸੁਖ ਦੇਵ ਵੱਲੋਂ ਗਾਂਧੀ ਜੀ ਦੇ ਨਾਂ ਇੱਕ ਖ਼ਤ

(ਇਹ ਖ਼ਤ 23 ਮਾਰਚ ਤੋਂ ਕੁੱਝ ਕੁ ਦਿਨ ਪਹਿਲਾਂ ਹੀ ਭੇਜਿਆ ਗਿਆ ਸੀ)

ਮਲਵਿੰਦਰ ਜੀਤ ਸਿੰਘ ਵੜੈਚ•



ਸੁਖ ਦੇਵ

ਮਾਨਯੋਗ ਮਹਾਤਮਾ ਜੀ,

ਅੱਜ-ਕੱਲ ਦੀਆਂ ਤਾਜ਼ੀਆਂ ਖ਼ਬਰਾਂ ਤੋਂ ਪਤਾ ਚਲ ਰਿਹੈ ਕਿ ਸਮਝੌਤੇ [ਗਾਂਧੀ-ਇਰਵਿਨ ਸਮਝੌਤਾ] ਪਿੱਛੋਂ ਤੁਸੀਂ ਇਨਕਲਾਬੀਆਂ ਦੇ ਨਾਂ ਕਈ ਅਪੀਲਾਂ ਜਾਰੀ ਕੀਤੀਆਂ ਨੇ, ਜਿਨ੍ਹਾਂ ਰਾਹੀਂ ਤੁਸੀਂ ਉਨ੍ਹਾਂ ਨੂੰ ਘੱਟੋ ਘੱਟ ਵਰਤਮਾਨ ਸਮੇਂ ਲਈ ਆਪਣਾ ਕ੍ਰਾਂਤੀਕਾਰੀ ਅੰਦੋਲਨ ਰੋਕ ਦੇਣ ਲਈ ਕਿਹਾ ਹੈ। ਦਰਅਸਲ ਇੱਕ ਅੰਦੋਲਨ ਨੂੰ ਕਿਸੇ ਸੂਖ਼ਮ ਆਦਰਸ਼ ਜਾਂ ਜਜ਼ਬਾਤ ਦੁਆਰਾ ਰੋਕ ਕੇ ਨਹੀਂ ਰੱਖਿਆ ਜਾ ਸਕਦੈ ਅਤੇ ਨਾ ਇਸਨੂੰ ਕਿਸੇ ਵਿਅਕਤੀ ਦੀ ਇੱਛਾ ਅਨੁਸਾਰ ਢਾਲਿਆ ਜਾ ਸਕਦੈ। ਅੰਦੋਲਨਾਂ ਦੇ ਆਗੂ ਸਮੇਂ-ਸਮੇਂ ਲੋੜ ਮੁਤਾਬਕ ਆਪਣੀ ਯੁੱਧ ਨੀਤੀ ਢਾਲਦੇ ਰਹਿੰਦੇ ਹਨ।

ਸਾਡਾ ਅਨੁਮਾਨ ਹੈ ਕਿ ਉਕਤ ਸਮਝੌਤੇ ਦੀ ਗੱਲਬਾਤ ਸਮੇਂ ਆਪ ਕਦੇ ਵੀ ਇਸ ਤੱਥ ਤੋਂ ਅਵੇਸਲੇ ਨਹੀਂ ਹੋਏ ਹੋਵੋਗੇ ਕਿ ਇਹ ਸਮਝੌਤਾ ਇੱਕ ਦੰਭ ਹੀ ਹੋਵੇਗਾ; ਮੇਰਾ ਖ਼ਿਆਲ ਹੈ ਕਿ ਇਹ ਤਾਂ ਸਾਰੇ ਸੂਝਵਾਨ ਇਨਸਾਨ ਸਮਝਦੇ ਹੋਣਗੇ ਕਿ ਤੁਹਾਡੇ ਵੱਲੋਂ ਸੁਝਾਏ ਸੁਧਾਰਾਂ ਨੂੰ ਮੰਨ ਲੈਣ ’ਤੇ ਵੀ ਅੰਤਮ ਉਦੇਸ਼ ਅਧੂਰਾ ਹੀ ਰਹੇਗਾ, ਕਿਉਂਕਿ ਲਾਹੌਰ ਕਾਂਗਰਸ ਦੇ ਮਤੇ ਮੁਤਾਬਕ, ਕਾਂਗਰਸ ਆਜ਼ਾਦੀ ਦੀ ਜੰਗ ਤਦ ਤਕ ਜਾਰੀ ਰੱਖਣ ਲਈ ਦ੍ਰਿੜ੍ਹ ਹੈ, ਜਦ ਤਕ ਪੂਰਣ ਆਜ਼ਾਦੀ ਹਾਸਲ ਨਾ ਹੋ ਜਾਵੇ। ਡੰਗ ਟਪਾਉ ਕਿਸਮ ਦੀਆਂ ਸੰਧੀਆਂ ਤੇ ਸਮਝੌਤੇ ਤਾਂ ਲੰਮੀ ਵਾਟ ਦਾ ਇੱਕ ਪੜਾਅ ਈ ਹੁੰਦੈ, ਜਿਸ ਵਿਚ ਅਗਲੇ ਸੰਘਰਸ਼ ਲਈ ਵੱਧ ਤੋਂ ਵੱਧ ਤਾਕਤ ਜੁਟਾਉਣ ਦਾ ਮੌਕਾ ਮਿਲਦਾ ਹੈ, ਸਿਰਫ਼ ਇਸ ਆਧਾਰ ’ਤੇ ਹੀ ਕਿਸੇ ਕਿਸਮ ਦੀ ਸੰਧੀ ਜਾਂ ਸਮਝੌਤਾ ਕੀਤਾ ਜਾ ਸਕਦੈ, ਸਮਝੌਤੇ ਲਈ ਠੀਕ ਵਕਤ ਤੇ ਸ਼ਰਤਾਂ ਸਦਾ ਅੰਦੋਲਨ ਦੇ ਨੇਤਾਵਾਂ ਨੇ ਹੀ ਨਿਰਧਾਰਤ ਕਰਨੀਆਂ ਹੁੰਦੀਆਂ ਹਨ। ਲਾਹੌਰ ਦੇ ਪੂਰਣ ਆਜ਼ਾਦੀ ਵਾਲੇ ਮਤੇ ਦੇ ਬਾਵਜੂਦ ਵੀ ਤੁਸਾਂ ਆਪਣਾ ਅੰਦੋਲਨ ਰੋਕ ਲਿਆ ਹੈ, ਫਿਰ ਵੀ ਉਕਤ ਪ੍ਰਸਤਾਵ ਉਵੇਂ ਦਾ ਉਵੇਂ ਹੀ ਪਰਾਸੰਗਿਕ ਹੈ। ਜਿੱਥੋਂ ਤੱਕ ਹਿੰਦੋਸਤਾਨ ਸੋਸ਼ਲਿਸਟ ਰਿਪਬਲੀਕਨ ਆਰਮੀ ਦੇ ਇਨਕਲਾਬੀਆਂ ਦਾ ਸੰਬੰਧ ਹੈ, ਉਹ ਇੱਕ ਸਮਾਜਵਾਦੀ ਪ੍ਰਜਾਤੰਤਰ ਦੀ ਸਥਾਪਨਾ ਲੋਚਦੇ ਹਨ। ਇਸ ਮੰਤਵ ਵਿਚ ਸੋਧ ਕਰਨ ਦੀ ਕੋਈ ਗੁੰਜਾਇਸ਼ ਨਹੀਂ ਹੈ। ਉਹ ਤਾਂ ਆਪਣਾ ਸੰਗਰਾਮ ਤਦ ਤੱਕ ਪੂਰੀ ਤਰ੍ਹਾਂ ਜਾਰੀ ਰੱਖਣ ਲਈ ਦ੍ਰਿੜ ਹਨ ਜਦ ਤਕ ਕਿ ਇਹ ਮੰਤਵ ਹਾਸਲ ਨਹੀਂ ਹੋ ਜਾਂਦਾ ਤੇ ਇਸ ਆਦਰਸ਼ ਦੀ ਸੰਪੂਰਨ ਪਰਾਪਤੀ ਨਹੀਂ ਹੋ ਜਾਂਦੀ। ਪਰ ਸਮੇਂ ਦੀ ਤਬਦੀਲੀ ਅਤੇ ਬਦਲਦੇ ਹਾਲਾਤ ਦੇ ਨਾਲ-ਨਾਲ ਉਹ ਆਪਣੀ ਯੁੱਧ ਨੀਤੀ ਵੀ ਬਦਲਦੇ ਰਹਿੰਦੇ ਹਨ, ਕਿਉਂਕਿ ਸੰਘਰਸ਼ ਵੱਖ-ਵੱਖ ਮੌਕਿਆਂ ’ਤੇ ਵੱਖਰਾ-ਵੱਖਰਾ ਰੂਪ ਅਖ਼ਤਿਆਰ ਕਰਦਾ ਰਹਿੰਦਾ ਹੈ। ਕਦੀ ਇਹ ਪ੍ਰਤੱਖ ਰੂਪ ਵਿਚ ਹੁੰਦਾ ਹੈ, ਕਦੀ ਗੁਪਤ ਲੁਕਵਾਂ ਹੁੰਦਾ ਹੈ, ਕਦੇ-ਕਦੇ ਇਹ ਸਿਰਫ ਵਿਰੋਧ ਜਿਹਾ ਹੀ ਰਹਿ ਜਾਂਦਾ ਹੈ, ਜਦਕਿ ਕਈ ਵਾਰ ਜ਼ਿੰਦਗੀ ਤੇ ਮੌਤ ਦਾ ਭਿਆਨਕ ਸੰਗਰਾਮ ਦਾ ਰੂਪ ਧਾਰ ਲੈਂਦਾ ਹੈ। ਵਰਤਮਾਨ ਹਾਲਤਾਂ ਵਿਚ ਕਰਾਂਤੀਕਾਰੀਆਂ ਦੇ ਸਾਹਮਣੇ ਅੰਦੋਲਨ ਰੋਕ ਦੇਣ ਲਈ ਕਿਸੇ ਠੋਸ ਆਧਾਰ ਦਾ ਹੋਣਾ ਜ਼ਰੂਰੀ ਹੈ, ਪਰ ਤੁਸੀਂ ਸਾਡੇ ਸਾਹਮਣੇ ਐਸੀ ਕੋਈ ਦਲੀਲ ਨਹੀਂ ਰੱਖੀ, ਜਿਸ ਆਧਾਰ ’ਤੇ ਅਸੀਂ ਆਪਣਾ ਅੰਦੋਲਨ ਰੋਕ ਸਕੀਏ, ਸਿਰਫ ਜਜ਼ਬਾਤੀ ਅਪੀਲਾਂ ਇਨਕਲਾਬੀਆਂ ਦੇ ਸੰਗਰਾਮ ਤੇ ਕੋਈ ਪ੍ਰਭਾਵ ਨਹੀਂ ਪਾ ਸਕਦੀਆਂ।

ਸਮਝੌਤੇ ਦੇ ਮੱਦੇਨਜ਼ਰ, ਤੁਸੀਂ ਆਪਣਾ ਅੰਦੋਲਨ ਰੋਕ ਲਿਆ ਹੈ, ਜਿਸ ਦੇ ਸਿੱਟੇ ਵਜੋਂ ਤੁਹਾਡੇ ਅੰਦੋਲਨ ਦੇ ਸਾਰੇ ਕੈਦੀ ਛੁੱਟ ਗਏ ਹਨ, ਪਰ ਇਨਕਲਾਬੀ ਕੈਦੀਆਂ ਦੇ ਸੰਬੰਧ ਵਿਚ ਤੁਸੀਂ ਕੀ ਕਹੋਗੇ? 1915 ਦੇ ਗ਼ਦਰ ਪਾਰਟੀ ਦੇ ਕੈਦੀ ਅੱਜ ਵੀ ਜੇਲ੍ਹਾਂ ਵਿਚ ਪਏ ਗਲ਼ ਸੜ ਰਹੇ ਹਨ, ਜਦ ਕਿ ਉਹ ਆਪਣੀਆਂ ਮਿਆਦੀ ਸਜ਼ਾਵਾਂ ਭੁਗਤ ਵੀ ਚੁਕੇ ਹੋਏ ਹਨ। ਮਾਰਸ਼ਲ ਲਾਅ ਦੇ ਬੰਦੀ ਕਬਰਾਂ ਵਿਚ ਜ਼ਿੰਦਾ ਦਫਨਾਏ ਪਏ ਨੇ ਤੇ ਇਸੇ ਤਰ੍ਹਾਂ ਬੱਬਰ ਅਕਾਲੀ ਲਹਿਰ ਦੇ ਦਰਜਨਾਂ ਬੰਦੀ

---

• ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109, ਫੋਨ: 0172-2556314, ਈਮੇਲ: mjswaraich29@gmail.com

ਜੇਲ੍ਹ ਦੀਆਂ ਸਖ਼ਤੀਆਂ ਝੱਲ ਰਹੇ ਹਨ। ਅੱਧੀ ਦਰਜਨ ਤੋਂ ਵੱਧ ਸਾਜਿਸ਼ ਕੇਸ ਲਾਹੌਰ, ਦਿੱਲੀ, ਚਿਟਾਗਾਂਗ, ਬੰਬਈ, ਕਲਕੱਤੇ ਆਦਿ ਥਾਵਾਂ 'ਤੇ ਚੱਲ ਰਹੇ ਹਨ, ਅਨੇਕਾਂ ਇਨਕਲਾਬੀ ਮਫ਼ਰੂਰ ਹਨ। ਅੱਧੀ ਦਰਜਨ ਤੋਂ ਵੱਧ ਬੰਦੀ ਮੌਤ ਦੀ ਸਜ਼ਾ ਦਾ ਇੰਤਜ਼ਾਰ ਕਰ ਰਹੇ ਹਨ, ਉਹਨਾਂ ਬਾਰੇ ਤੁਸੀਂ ਕੀ ਕਹੋਗੇ? ਲਾਹੌਰ ਸਾਜਿਸ਼ ਕੇਸ ਦੇ ਮੁਲਜ਼ਮ, ਜਿਨ੍ਹਾਂ ਨੂੰ ਫ਼ਾਂਸੀ ਦੀ ਸਜ਼ਾ ਮਿਲੀ ਹੈ, ਹੁਣ ਕੌਮੀ ਹਸਤੀਆਂ ਬਣ ਚੁੱਕੇ ਹਨ। ਉਹਨਾਂ ਦੀ ਜਥੇਬੰਦੀ ਦਾ ਸਰੋਕਾਰ ਸਿਰਫ਼ ਉਹਨਾਂ ਦੀ ਸਲਾਮਤੀ ਨਾਲ ਹੀ ਨਹੀਂ ਹੈ। ਬਲਕਿ ਉਨ੍ਹਾਂ ਦੀਆਂ ਸਜ਼ਾਵਾਂ ਵਿਚ ਕਿਸੇ ਛੋਟ ਨਾਲੋਂ, ਉਹਨਾਂ ਦੇ ਫ਼ਾਂਸੀ ਚੜ੍ਹ ਜਾਣਾ ਦੇਸ਼ ਦੇ ਵਡੇਰੇ ਹਿਤਾਂ 'ਚ ਹੋਵੇਗਾ।

ਫਿਰ ਵੀ ਆਪ ਸਾਨੂੰ ਅੰਦੋਲਨ ਰੋਕ ਦੇਣ ਦੀਆਂ ਅਪੀਲਾਂ ਕਰ ਰਹੇ ਹੋ ਪਰ ਤੁਸੀਂ ਇਹਦੇ ਹੱਕ ਵਿੱਚ ਕੋਈ ਠੋਸ ਦਲੀਲ ਨਹੀਂ ਸੁਝਾਈ। ਇਹਨਾਂ ਹਾਲਾਤ ਵਿਚ ਆਪ ਦੀਆਂ ਇਨ੍ਹਾਂ ਅਪੀਲਾਂ ਦਾ ਵਿਚਲਾ ਸੱਚ ਬਸ ਇਹੀ ਹੈ ਕਿ ਤੁਸੀਂ ਚਾਹੇ ਅਣਚਾਹੇ ਇਨਕਲਾਬੀ ਅੰਦੋਲਨ ਨੂੰ ਕੁਚਲਣ ਵਿਚ ਨੌਕਰਸ਼ਾਹੀ ਦਾ ਸਾਥ ਦੇ ਰਹੇ ਹੋ ਤੇ ਸਾਡੇ ਵਿਚ ਫੁੱਟ ਦਾ ਬੀਜ, ਬੀਜ ਰਹੇ ਹੋ ਅਤੇ ਦੰਭ ਫੈਲਾਅ ਰਹੇ ਹੋ। ਅਗਰ ਇੰਜ ਨਾ ਹੁੰਦਾ ਤਾਂ ਤੁਹਾਡੇ ਲਈ ਵਧੀਆ ਤਰੀਕਾ ਇਹ ਸੀ ਕਿ ਤੁਸੀਂ ਖ਼ੁਦ ਕੁੱਝ ਪ੍ਰਮੁੱਖ ਇਨਕਲਾਬੀਆਂ ਨਾਲ ਮਿਲਕੇ ਇਸ ਵਿਸ਼ੇ 'ਤੇ ਗੱਲਬਾਤ ਕਰ ਲੈਂਦੇ, ਆਪ ਨੂੰ ਉਨ੍ਹਾਂ ਨੂੰ ਅੰਦੋਲਨ ਰੋਕ ਦੇਣ ਦੀ ਸਲਾਹ ਦੇਣ ਤੋਂ ਪਹਿਲਾਂ ਉਸਦੇ ਤੱਥ ਦਲੀਲ ਰਾਹੀਂ ਸਮਝਾਉਣੇ ਚਾਹੀਦੇ ਸਨ, ਮੇਰਾ ਖ਼ਿਆਲ ਹੈ ਕਿ ਆਮ ਲੋਕਾਂ ਵਾਂਗ ਆਪ ਦੀ ਤਾਂ ਇਹ ਧਾਰਨਾ ਨਹੀਂ ਹੋਵੇਗੀ ਕਿ ਕਰਾਂਤੀਕਾਰੀ ਬੇਦਲੀਲ ਹੁੰਦੇ ਹਨ ਅਤੇ ਉਨ੍ਹਾਂ ਨੂੰ ਕੇਵਲ ਮਰਨਾ ਮਾਰਨਾ ਹੀ ਆਉਂਦਾ, ਤੁਹਾਨੂੰ ਅਸੀਂ ਸਪਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਅਸਲੀਅਤ ਇਸ ਦੇ ਬਿਲਕੁਲ ਉਲਟ ਹੈ ਅਤੇ ਉਹ ਹਰ ਕਦਮ ਚੁਕਣੋਂ ਪਹਿਲਾਂ ਉਸਦੇ ਗੁਣਾਂ-ਦੋਸ਼ਾਂ ਬਾਰੇ ਚੰਗੀ ਤਰ੍ਹਾਂ ਚਿੰਤਨ ਕਰ ਲੈਂਦੇ ਹਨ, ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹਰ ਵਕਤ ਰਹਿੰਦਾ ਹੈ; ਕੁੱਲ ਮਿਲਾ ਕੇ, ਉਹ ਆਪਣੇ ਸਮੁੱਚੇ ਨਜ਼ਰੀਏ 'ਚ ਜ਼ਿੰਦਗੀ ਦੇ ਉਸਾਰੂ ਪੱਖ ਨੂੰ ਪ੍ਰਮੁੱਖਤਾ ਦਿੰਦੇ ਹਨ, ਭਾਵੇਂ ਕਿ ਮੌਜੂਦਾ ਹਾਲਤਾਂ ਵਿਚ ਉਨ੍ਹਾਂ ਨੂੰ ਕੇਵਲ ਢਾਹੂ ਪੱਖ ਵੱਲ ਹੀ ਵਧੇਰੇ ਧਿਆਨ ਦੇਣਾ ਪਿਆ ਹੈ।

ਸਰਕਾਰ ਸਾਡੇ ਉਦੇਸ਼ ਪੱਖੀ ਪੁੰਗਰ ਰਹੀ ਦੇਸ਼-ਵਿਆਪੀ ਲੋਕ-ਭਾਵਨਾ ਨੂੰ ਨਸ਼ਟ ਕਰਕੇ, ਹਰ ਹੀਲੇ, ਸਾਨੂੰ ਕੁਚਲਣ 'ਤੇ ਤੁਲੀ ਹੋਈ ਹੈ। ਇਹ ਸੋਚਦਿਆਂ ਕਿ ਜੇਕਰ ਅਸੀਂ ਅਲੱਗ ਥਲੱਗ ਕਰ ਦਿੱਤੇ ਜਾਵਾਂਗੇ ਤਾਂ ਸਾਨੂੰ ਬਹੁਤ ਆਸਾਨੀ ਨਾਲ ਕੁਚਲਿਆ ਜਾ ਸਕਦੈ। ਇਹੋ ਜਿਹੀਆਂ ਹਾਲਤਾਂ ਵਿਚ ਭਾਵੁਕ ਅਪੀਲਾਂ ਕਰਕੇ ਉਨ੍ਹਾਂ ਵਿਚ ਫੁਟ ਤੇ ਬੇਚੈਨੀ ਪੈਦਾ ਕਰਨਾ ਬੱਜਰ ਗ਼ਲਤੀ ਤੇ ਇਨਕਲਾਬ-ਵਿਰੋਧੀ ਕੰਮ ਹੋਵੇਗਾ, ਜਿਸ ਨਾਲ ਹਕੂਮਤ ਨੂੰ ਇਨਕਲਾਬੀਆਂ ਨੂੰ ਕੁਚਲਣ ਵਿਚ ਸਾਫ਼ ਤੌਰ 'ਤੇ ਮਦਦ ਮਿਲਦੀ ਹੈ।

ਇਸ ਲਈ ਆਪ ਨੂੰ ਸਾਡੀ ਸਨਿਮਰ ਬੇਨਤੀ ਹੈ ਕਿ ਜਾਂ ਤਾਂ ਆਪ ਕੁੱਝ ਇਨਕਲਾਬੀਆਂ ਨਾਲ, ਜੋ ਜੇਲ੍ਹਾਂ ਵਿਚ ਬੰਦ ਹਨ, ਇਸ ਵਿਸ਼ੇ 'ਤੇ ਗੱਲਬਾਤ ਕਰਕੇ ਕੋਈ ਨਿਰਨਾ ਕਰ ਲਓ, ਜਾਂ ਫਿਰ ਇਹ ਅਪੀਲਾਂ ਕਰਨੀਆਂ ਬੰਦ ਕਰ ਦਿਓ। ਮਿਹਰਬਾਨੀ ਕਰਕੇ ਇਨ੍ਹਾਂ ਦੋਹਾਂ ਰਾਹਾਂ 'ਚੋਂ ਕਿਸੇ ਇਕ ਨੂੰ ਅਪਣਾਉ ਅਤੇ ਉਹ ਵੀ ਤਹਿ ਦਿਲੋਂ। ਜੇਕਰ ਤੁਸੀਂ ਉਨ੍ਹਾਂ ਦੀ ਮੱਦਦ ਨਹੀਂ ਕਰ ਸਕਦੇ ਤਾਂ ਮੇਹਰਬਾਨੀ ਕਰਕੇ ਉਨ੍ਹਾਂ ਨੂੰ ਉਹਨਾਂ ਦੇ ਹਾਲ 'ਤੇ ਛੱਡ ਦਿਓ, ਉਹ ਆਪਣੀ ਰੱਖਿਆ ਆਪ ਕਰ ਲੈਣਗੇ। ਉਹ ਬਹੁਤ ਚੰਗੀ ਤਰ੍ਹਾਂ ਸੁਚੇਤ ਹਨ ਕਿ ਰਾਜਨੀਤਿਕ ਸੰਘਰਸ਼ ਦੇ ਆਉਣ ਵਾਲੇ ਪੜਾਅ ਵਿਚ, ਉਹ ਇੱਕ ਮੋਹਰੀ ਭੂਮਿਕਾ ਨਿਭਾਉਣ ਲਈ ਤਿਆਰ-ਬਰ-ਤਿਆਰ ਹਨ, ਲੋਕੀ ਉਹਨਾਂ ਦੇ ਦੁਆਲ਼ੇ ਜੁੜ ਰਹੇ ਹਨ ਅਤੇ ਉਹ ਦਿਨ ਦੂਰ ਨਹੀਂ ਹੈ ਜਦ ਉਨ੍ਹਾਂ ਦੀ ਅਗਵਾਈ ਵਿਚ ਅਤੇ ਉਨ੍ਹਾਂ ਦੇ ਝੰਡੇ ਥੱਲੇ ਜਨਤਾ ਆਪਣੇ ਸਮਾਜਵਾਦੀ ਪ੍ਰਜਾਤੰਤਰ ਦੇ ਮਹਾਨ ਟੀਚੇ ਵੱਲ ਵਧਦੀ ਵਿਖਾਈ ਦੇਵੇਗੀ।

ਪਰ ਜੇ ਤੁਸੀਂ ਦਿਲੋ ਉਨ੍ਹਾਂ ਦੀ ਮੱਦਦ ਕਰਨੀ ਹੀ ਚਾਹੁੰਦੇ ਹੋ ਤਾਂ ਸਮੁੱਚੇ ਹਾਲਾਤ 'ਤੇ ਉਹਨਾਂ ਨਾਲ ਇੱਕ ਖੁੱਲ੍ਹੀ ਅਤੇ ਸਪਸ਼ਟ ਵਿਚਾਰ-ਚਰਚਾ ਕਰਨ ਲਈ, ਉਹਨਾਂ ਨਾਲ ਸੰਪਰਕ ਕਰੋ।

ਉਮੀਦ ਹੈ ਆਪ ਉਪਰੋਕਤ ਬੇਨਤੀ 'ਤੇ ਵਿਚਾਰ ਕਰੋਗੇ ਅਤੇ ਆਪਣੀ ਰਾਏ ਲੋਕਾਂ ਦੇ ਸਾਹਮਣੇ ਰੱਖੋਗੇ।

ਆਪ ਦਾ

**''ਅਨੇਕਾਂ ਵਿਚੋਂ ਇੱਕ''**

---